# ਹੈਲੋ ਦੀ ਸ਼ਕਤੀ ਰਾਹੀਂ ਕਰਮਚਾਰੀਆਂ ਦੁਆਰਾ ਨਿਗਰਾਨੀ

*ਸਚੇਤ ਕਰਮਚਾਰੀ ਸੰਦੇਹਜਨਕ ਗਤੀਵਿਧੀਆਂ ਦਾ ਪਤਾ ਲਗਾ ਸਕਦੇ ਹਨ ਅਤੇ ਇਸ ਦੀ ਸੂਚਨਾ ਦੇ ਸਕਦੇ ਹਨ*



ਜੇ ਸਹੀ ਸ਼ਬਦਾਂ ਦੀ ਕਾਰਗਰ ਵਰਤੋਂ ਕੀਤੀ ਜਾਏ ਤਾਂ ਉਹ ਇੱਕ ਤਾਕਤਵਰ ਸਾਧਨ ਦਾ ਕੰਮ ਕਰ ਸਕਦੇ ਹਨ। ਸਿਰਫ "ਹੈਲੋ" ਕਹਿਣ ਨਾਲ ਅਜਨਬੀ ਲੋਕਾਂ ਨਾਲ ਸਧਾਰਨ ਗੱਲਬਾਤ ਸ਼ੁਰੂ ਹੋ ਸਕਦੀ ਹੈ ਅਤੇ ਤੁਹਾਨੂੰ ਇਹ ਪਤਾ ਕਰਨ ਵਿੱਚ ਮਦਦ ਮਿਲ ਸਕਦੀ ਹੈ ਕਿ ਉਹ ਲੋਕ ਇਥੇ ਕਿਉਂ ਆਏ ਹਨ। **OHNO ("ਉਹ-ਨੋ") ਦੇ ਰਵੱਈਏ – Observe (ਦੇਖੋ), Initiate a Hello (ਹੈਲੋ ਨਾਲ ਸ਼ੁਰੂਆਤ ਕਰੋ), Navigate the Risk (ਜੋਖਮ ਨੂੰ ਪਰਖੋ), ਅਤੇ Obtain Help (ਮਦਦ ਲਵੋ)** – ਨਾਲ ਕਰਮਚਾਰੀ ਸੰਦੇਹਜਨਕ ਵਿਵਹਾਰ ਦਾ ਨਿਰੀਖਣ ਅਤੇ ਮੁਲਾਂਕਣ ਕਰਦੇ ਹਨ, ਅਤੇ ਉਹਨਾਂ ਨੂੰ ਸੰਭਾਵੀ ਜੋਖਮ ਨਾਲ ਨਜਿੱਠਣ, ਅਤੇ ਲੋੜ ਪੈਣ 'ਤੇ ਮਦਦ ਲੈਣ ਦੀ ਸ਼ਕਤੀ ਮਿਲਦੀ ਹੈ।

ਜੋਖਮ ਤੋਂ ਬਚਾਅ ਲਈ **OHNO** ਵਾਲਾ ਰਵੱਈਆ ਇਸ ਗੱਲ ਨੂੰ ਮੰਨ ਕੇ ਚਲਦਾ ਹੈ ਕਿ ਆਮ ਵਾਜਬ ਲੋਕ ਆਤੰਕਵਾਦ ਅਤੇ ਅਪਰਾਧ ਨਾਲ ਜੁੜੇ ਵਤੀਰੇ ਨੂੰ ਸਹੀ ਤਰੀਕੇ ਨਾਲ ਢੂੰਡਣ ਅਤੇ ਉਸਦੀ ਸੂਚਨਾ ਦੇਣ ਲਈ ਅਜਿਹੇ ਨਿਰੀਖਣ ਕਰ ਸਕਦੇ ਹਨ।

## ਦੇਖੋ

### ਆਪਣੇ ਚੌਗਿਰਦੇ ਬਾਰੇ ਸਚੇਤ ਰਹੋ

*ਸਚੇਤ ਕਰਮਚਾਰੀ ਸੰਦੇਹਜਨਕ ਵਿਵਹਾਰ ਦੀ ਪਛਾਣ ਕਰ ਸਕਦੇ ਹਨ, ਜਿਵੇਂ:*

- ਕੋਈ ਚੀਜ਼ ਜਾਂ ਪੈਕੇਜ ਰੱਖ ਕੇ ਛੱਡ ਦੇਣਾ ਜਾਂ ਇਲਾਕੇ ਵਿਚੋਂ ਚਲੇ ਜਾਣਾ।
- ਕਰਮਚਾਰੀਆਂ, ਸੁਵਿਧਾਵਾਂ, ਸੁਰੱਖਿਆ ਸਾਧਨਾਂ ਜਾਂ ਮੂਲ ਸਾਧਨਾਂ ਵਿੱਚ ਅਸਧਾਰਨ ਜਾਂ ਚੋਰੀ-ਛਿਪੀ ਜ਼ਿਆਦਾ ਲੰਮੇ ਅਰਸੇ ਲਈ ਦਿਲਚਸਪੀ ਲੈਣਾ ਜਾਂ ਫੋਟੂਆਂ/ਵੀਡਿਓ ਬਣਾਉਣਾ।
- ਅੰਦਰ ਜਾਣ 'ਤੇ ਮਨਾਹੀ ਵਾਲੀ ਥਾਂ ਦੇ ਅੰਦਰ ਜਾਣ ਦੀ ਕੋਸ਼ਸ਼ ਕਰਨ ਵਾਲੇ ਅਣਅਧਿਕਾਰਤ ਲੋਕ ਜਾਂ ਅਧਿਕਾਰਤ ਕਰਮਚਾਰੀਆਂ ਦਾ ਰੂਪ ਧਾਰਣ ਕਰ ਕੇ ਆਏ ਨਕਲੀ ਅਧਿਕਾਰੀ
- ਬਿਨਾ ਵਾਜਬ ਕਾਰਨ ਦੇ ਕਿਸੇ ਥਾਂ 'ਤੇ ਘੁੰਮਦੇ ਰਹਿਣਾ।
- ਸੁਰੱਖਿਆ ਕਰਮਚਾਰੀਆਂ ਜਾਂ ਵਿਵਸਥਾਵਾਂ ਤੋਂ ਬਚਣ ਦੀ ਕੋਸ਼ਸ਼ ਕਰਨਾ।
- ਹਿੰਸਾ ਦੀਆਂ ਖੁੱਲਹ੍ਹੀਆਂ ਜਾਂ ਛੁੱਪੀਆਂ ਧਮਕੀਆਂ।

## ਹੈਲੋ ਨਾਲ ਸ਼ੁਰੂਆਤ ਕਰੋ

### ਜੋਖਮ ਸਵੀਕਾਰ ਕਰਨ ਨਾਲ ਸੰਭਾਵੀ ਖਤਰੇ ਨੂੰ ਟਾਲਿਆ ਜਾ ਸਕਦਾ ਹੈ

*ਤੁਹਾਡੇ ਇਲਾਕੇ ਵਿੱਚ ਮੌਜੂਦ ਵਿਅਕਤੀਆਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਹੈਲੋ ਦੀ ਸ਼ਕਤੀ ਦੀ ਵਰਤੋਂ ਕਰੋ ਜਿਸਦੇ ਲਈ ਹੇਠਲੇ ਕੰਮ ਕਰੋ ਜਾਂ ਗੱਲਾਂ ਕਰੋ (ਮਸ਼ਵਰਾ: ਧਿਆਨ ਨਾਲ ਸੁਣਨਾ ਜ਼ਰੂਰੀ ਹੈ):*

- ਮੁਸਕਰਾਓ, ਅੱਖਾਂ ਰਾਹੀਂ ਸੰਪਰਕ ਕਰੋ ਅਤੇ ਆਪਣਾ ਪਰਿਚੈ ਦਿਓ।
- "ਹੈਲੋ, ਕੀ ਹਾਲ ਹੈ?"
- "ਕੀ ਮੈਂ ਤੁਹਾਡੀ ਕੁਝ ਮਦਦ ਕਰ ਸਕਦਾ/ਸਕਦੀ ਹਾਂ?"
- "ਕੀ ਤੁਸੀਂ ਕੋਈ ਖਾਸ ਚੀਜ਼ ਜਾਂ ਕਿਸੇ ਖਾਸ ਵਿਅਕਤੀ ਨੂੰ ਢੂੰਡ ਰਹੇ ਹੋ?"
- "ਜੇ ਤੁਹਾਨੂੰ ਕਿਸੇ ਮਦਦ ਦੀ ਲੋੜ ਹੋਵੇ ਤਾਂ ਮੈਨੂੰ ਦੱਸਣਾ।"
- ਸੰਦੇਹਜਨਕ ਦਿੱਸਣ ਵਾਲੇ ਕਿਸੇ ਵਿਅਕਤੀ ਦੇ ਕੋਲ ਆਉਣ ਵਿੱਚ ਸੰਭਾਵੀ ਜੋਖਮ ਹਨ। ਕੁਝ ਹਾਲਾਤ ਵਿੱਚ ਅਜਿਹੀ ਗਤੀਵਿਧੀ ਬਾਰੇ ਉਹਨਾਂ ਲੋਕਾਂ ਨੂੰ ਸੂਚਨਾ ਦੇਣਾ ਬਿਹਤਰ ਹੋਵੇਗਾ ਜਿਨਹ੍ਹਾਂ ਕੋਲ ਦਖਲਅੰਦਾਜ਼ੀ ਕਰਨ ਲਈ ਅਧਿਕਾਰ ਅਤੇ ਟਰੇ੍ਨਿੰਗ ਹੈ।

## ਜੋਖਮ ਨੂੰ ਪਰਖੋ

### ਜੋਖਮ ਨੂੰ ਪਰਖੋ, ਜਿਸਦੇ ਲਈ ਆਪਣੇ ਕੋਲੋਂ ਪੁੱਛੋ ਕਿ ਜੋ ਵਿਵਹਾਰ ਤੁਸੀਂ ਦੇਖਿਆ ਹੈ ਉਹ ਖਤਰਨਾਕ ਜਾਂ ਸੰਦੇਹਜਨਕ ਹੈ ਜਾਂ ਨਹੀਂ।

*ਆਤੰਕਵਾਦ ਜਾਂ ਅਪਰਾਧ ਦਾ ਵਾਜਬ ਸ਼ੱਕ ਪੈਦਾ ਕਰਨ ਵਾਲੀ ਸਰਗਰਮੀ ਜਾਂ ਵਿਵਹਾਰ ਦੀ ਪਰਖ ਕਰਦੇ ਸਮੇਂ ਕਰਮਚਾਰੀਆਂ ਨੂੰ ਹੇਠਲੇ ਸਵਾਲਾਂ ਉੱਪਰ ਵਿਚਾਰ ਕਰਨਾ ਚਾਹੀਦਾ ਹੈ:*

- ਕੀ ਉਹ ਵਿਅਕਤੀ ਕਾਰੋਬਾਰ ਜਾਂ ਸੇਵਾ ਦੀ ਸਚਮੁਚ ਸਰਪਰਸਤੀ ਕਰ ਰਿਹਾ ਜਾਪਦਾ ਹੈ?
- ਕੀ ਉਸ ਦੇ ਕਪੜੇ ਮੌਸਮ ਦੇ ਹਿਸਾਬ ਨਾਲ ਜਾਂ ਮੌਕੇ ਦੇ ਮੁਤਾਬਕ ਸਹੀ ਹਨ?
- ਕੀ ਉਹ ਸੁਰੱਖਿਆ ਤੋਂ ਬਚਣ ਦੀ ਕੋਸ਼ਸ਼ ਕਰ ਰਿਹਾ/ਰਹੀ ਹੈ?
- ਕੀ ਉਹ ਕਾਰੋਬਾਰ ਦੇ ਕੰਮ-ਕਾਜ ਜਾਂ ਕਰਮਚਾਰੀਆਂ ਦੇ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ/ਰਹੀ ਹੈ? (ਜਿਵੇਂ, "ਬੰਦ ਕੌਣ ਕਰਦਾ ਹੈ?" ਜਾਂ "ਇਥੇ ਕਿੰਨੇ ਲੋਕ ਕੰਮ ਕਰਦੇ ਹਨ?" ਆਦਿ)
- ਕੀ ਉਸਦੇ ਕਾਰਨ ਤੁਹਾਨੂੰ ਖਤਰਾ ਮਹਿਸੂਸ ਹੁੰਦਾ ਹੈ? (ਜੇ ਤੁਹਾਨੂੰ ਖਤਰਾ ਮਹਿਸੂਸ ਹੋਵੇ ਤਾਂ ਚੁਪਚਾਪ ਚਲੇ ਜਾਓ ਅਤੇ 9-1-1 ਕਾਲ ਕਰੋ।)

## ਮਦਦ ਲਵੋ

### ਜੋਖਮ ਨੂੰ ਪਰਖਣ ਦੇ ਬਾਅਦ ਪਰ੍ਬੰਧਕਾਂ ਜਾਂ ਅਧਿਕਾਰੀਆਂ ਕੋਲੋਂ ਮਦਦ ਮੰਗੋ।

*OHNO ਦੀ ਵਰਤੋਂ ਕਰੋ ਅਤੇ ਫਸਟ ਰਿਸਪਾਂਡਰਜ਼ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਬਿਹਤਰੀਨ ਤਰੀਕੇ ਨਾਲ ਜਾਣਕਾਰੀ ਦਿਓ।*

- ਸੰਕਟ ਦੀ ਘੜੀ ਵਿੱਚ ਜਾਂ ਜੇ ਤੁਹਾਨੂੰ ਖਤਰਾ ਮਹਿਸੂਸ ਹੋਵੇ ਤਾਂ 9-1-1 ਕਾਲ ਕਰੋ।
- ਪਰ੍ਬੰਧਕਾਂ ਜਾਂ ਪੁਲਿਸ ਲਈ ਆਪਣੇ ਵਿਚਾਰਾਂ ਨੂੰ ਸੰਗਠਿਤ ਕਰਨ ਲਈ ਆਪਣੇ ਆਪ ਨੂੰ ਇਹ 5 ਸਵਾਲ ਪੁੱਛੋ:
  - ਕੀ ਹੋ ਰਿਹਾ ਹੈ?
  - ਕੌਣ ਕਰ ਰਿਹਾ ਹੈ?
  - ਕਿਥੇ ਹੋ ਰਿਹਾ ਹੈ?
  - ਤੁਸੀਂ ਇਹ ਸਭ ਕਦੋਂ ਦੇਖਿਆ?
  - ਉਹ ਇਥੇ ਕਿਉਂ ਮੌਜੂਦ ਹਨ?
- ਸੰਦੇਹਜਨਕ ਗਤੀਵਿਧੀਆਂ ਦੀ ਸੂਚਨਾ ਆਪਣੇ ਸਥਾਨਕ ਕਾਨੂੰਨ ਵਿਵਸਥਾ ਅਧਿਕਾਰੀਆਂ ਨੂੰ ਦਿਓ ਜਾਂ ਗੈਰ-ਐਮਰਜੈਂਸੀ ਨੰਬਰ 'ਤੇ ਕਾਲ ਕਰੋ।

***ਪਾਵਰ ਆਫ ਹੈਲੋ ਦੇ ਹੋਰ ਸਰੋਤਾਂ*** ਲਈ ਕਿਰਪਾ ਕਰਕੇ ਇਥੇ ਜਾਓ: cisa.gov/employee-vigilance-power-hello.

DHS ਦੀ ਮੁਹਿੰਮ "If You See Something, Say Something® " ਆਤੰਕਵਾਦ ਨਾਲ ਜੁੜੀਆਂ ਸੰਦੇਹਜਨਕ ਗਤੀਵਿਧੀਆਂ ਦੇ ਸੰਕੇਤਾਂ ਦੀ ਪਛਾਣ ਅਤੇ ਸੂਚਨਾ ਕਰਨ ਬਾਰੇ ਵਾਧੂ ਜਾਣਕਾਰੀ ਦਿੰਦੀ ਹੈ।

**English into Punjabi**

OHNO ਵਾਲਾ ਰਵੱਈਆ ਉਹਨਾਂ ਗਤੀਵਿਧੀਆਂ ਅਤੇ ਵਿਵਹਾਰਾਂ ਦੀ ਵਿਆਖਿਆ ਕਰਦਾ ਹੈ ਜੋ ਸੰਦੇਹਜਨਕ ਹੋ ਸਕਦੀਆਂ ਹਨ ਜਾਂ ਕਿਸੇ ਜੁਰਮ ਵੱਲ ਇਸ਼ਾਰਾ ਕਰਦੀਆਂ ਹਨ। ਇਹ ਗਤੀਵਿਧੀਆਂ ਸੰਵਿਧਾਨ ਵੱਲੋਂ ਸੁਰੱਖਿਅਤ ਹੋ ਸਕਦੀਆਂ ਹਨ ਅਤੇ ਇਹਨਾਂ ਦੀ ਸੂਚਨਾ ਸਿਰਫ ਤਾਂ ਹੀ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਸੰਦੇਹਜਨਕ ਵਿਵਹਾਰ ਦੇ ਤਰਕਸ਼ੀਲ ਨਤੀਜੇ 'ਤੇ ਪਹੁੰਚਣ ਲਈ ਜ਼ਾਹਿਰ ਤੱਥ ਮੌਜੂਦ ਹੋਣ। ਸਿਰਫ ਸੁਰੱਖਿਅਤ ਗਤੀਵਿਧੀਆਂ, ਨਸਲ, ਧਰਮ, ਲਿੰਗ, ਜਿਨਸੀ ਪਸੰਦ ਜਾਂ ਇਹਨਾਂ ਕਾਰਕਾਂ ਦੇ ਸੁਮੇਲ ਦੇ ਅਧਾਰ 'ਤੇ ਸੂਚਨਾ ਨਾ ਦਿਓ।